ਵੱਲੋ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਅਪਰੂਵਿੰਗ ਅਥਾਰਟੀਆਂ
ਰਜਿਸਟਰਾਰ (ਅਪਰੂਵਿੰਗ ਅਥਾਰਟੀਜ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ: ਜਲੰਧਰ।
3. ਇੰਡੀਅਨ ਇੰਸ : ਆਫ ਟੈਕ : ਰੋਪੜ।
4. ਸੰਤ ਲੋਗੋਂਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ।
6. ਥਾਪਰ ਯੂਨੀਵਰਸਿਟੀ ਪਟਿਆਲਾ ।
7 ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।
8. ਸੈਂਟਰਲ ਇੰਸ: ਆਫ ਪਲਾਸਟਿਕ ਇੰਜ:ਐਂਡ ਟੈਕਨਾਲੋਜੀ ਅੰਮ੍ਰਿਤਸਰ।

9-24 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ , ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜਪੁਰ, ਬਡਬਰ ਅਤੇ ਤਲਵਾੜਾ ।

25-30 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ

31 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ ।

ਮੀਮੋ ਨੰ:1/ਟੀਈ/ 2023 /ਸਕਾਲਰਸ਼ਿਪ/ ਮਿਤੀ: 22/12/16

ਵਿਸ਼ਾ - **ਕੇਂਦਰੀ ਪ੍ਰਾਯੋਜਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ/ ਓ.ਬੀ.ਸੀ. ਅਤੇ ਮਨਿਓਰਟੀ ਸਟੂਡੈਂਟਸ ਸਕੀਮ ਅਧੀਨ ਆਉਂਦੇ ਵਿਦਿਆਰਥੀਆਂ/ ਸੰਸਥਾਵਾਂ ਦੀ ਜਿਲ੍ਹਾ ਭਲਾਈ ਅਫਸਰ ਵੱਲੋਂ ਅਚਨਚੇਤ ਚੈਕਿੰਗ ਕਰਨ ਸਬੰਧੀ।**

ਇਸ ਪੱਤਰ ਨਾਲ ਪੰਜਾਬ ਸਰਕਾਰ ਭਲਾਈ ਵਿਭਾਗ ਪੰਜਾਬ (ਭਲਾਈ ਸੈਲ ਨਾਨ ਪਲਾਨ) ਵੱਲੋ ਜਾਰੀ ਕੀਤੀ ਗਈ ਪਿੱਠ ਅੰਕਣ ਨੰ: 51066-73 ਮਿਤੀ 20.12.2016 ਦੀ ਕਾਪੀ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਪੱਤਰ ਵਿੱਚ ਦਰਸਾਏ ਅਨੁਸਾਰ ਜਿਲ੍ਹਾ ਭਲਾਈ ਅਫਸਰਾਂ ਵੱਲੋਂ ਆਪਦੀ ਅਤੇ ਆਪਦੇ ਅਧੀਨ ਆਉਂਦੀਆਂ ਸੰਸਥਾਵਾਂ/ਵਿਦਿਆਰਥੀਆਂ ਸਬੰਧੀ ਅਚਨਚੇਤ ਚੈਕਿੰਗ ਕਰਵਾਉਣ ਵਿੱਚ ਸਹਿਯੋਗ ਕੀਤਾ ਜਾਵੇ।

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ/-ਉਪਰੋਕਤ ਅਨੁਸਾਰ।

ਪਿੱਠ ਅੰਕਣ ਨੰ: 1ਟੀਈ/ ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਇਕ ਉਤਾਰਾ ਸਕੱਤਰ ਪੰਜਾਬ ਸਰਕਾਰ ਭਲਾਈ ਵਿਭਾਗ ਪੰਜਾਬ (ਭਲਾਈ ਸੈਲ ਨਾਨ ਪਲਾਨ) ਨੂੰ ਉਨ੍ਹਾਂ ਦੀ ਪਿੱਠ ਅੰਕਣ ਨੰ:51066-73 ਮਿਤੀ 20.12.2016 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਨੰਬਰ:
ਪੰਜਾਬ ਸਰਕਾਰ
ਭਲਾਈ ਵਿਭਾਗ
(ਭਲਾਈ ਸੈਲ ਨਾਨ ਪਲਾਨ)

517
21/12/16

ਦਫਤਰੀ ਹੁਕਮ

ਕੇਂਦਰੀ ਪ੍ਰਾਯੋਜਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ, ਓ.ਬੀ.ਸੀ. ਅਤੇ ਮਨਿਓਰਟੀ ਸਟੂਡੈਂਟਸ ਸਕੀਮਾਂ ਅਧੀਨ ਕੁੱਝ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਵੱਲੋਂ ਵੱਧ ਵਿਦਿਆਰਥੀਆਂ ਦੇ ਦਾਖਲੇ ਵਿਖਾਕੇ, ਭਲਾਈ ਵਿਭਾਗ ਤੋਂ ਸਕਾਲਰਸ਼ਿਪ ਵਜੋਂ ਵੱਧ ਕਲੇਮ ਪ੍ਰਾਪਤ ਕੀਤੇ ਜਾਂਦੇ ਹਨ। ਇਹ ਵੀ ਧਿਆਨ ਵਿੱਚ ਆਇਆ ਹੈ ਕਿ ਇਨ੍ਹਾਂ ਸਕੀਮਾਂ ਅਧੀਨ ਕੁੱਝ ਸੰਸਥਾਵਾਂ ਨੇ ਵਿਦਿਆਰਥੀਆਂ ਤੋਂ ਵੀਸਮੇਂ-ਸਮੇਂ ਫੀਸਾਂ ਚਾਰਜ ਕੀਤੀਆਂ ਹਨ ਅਤੇ ਸਰਕਾਰ ਤੋਂ ਵਜੀਫੇ ਦੀ ਰਾਸ਼ੀ ਫੀਸ ਕੰਪੋਨੈਂਟ ਅਧੀਨ ਕਲੇਮ ਕੀਤੀ ਹੈ, ਪ੍ਰੰਤੂ ਉਨ੍ਹਾਂ ਵਿਦਿਆਰਥੀਆਂ ਨੂੰ ਫੀਸਾਂ ਵਾਪਸ ਨਹੀਂ ਕੀਤੀਆਂ ਗਈਆਂ। ਕੁੱਝ ਸੰਸਥਾਵਾਂ ਨੇ ਵਿਦਿਆਰਥੀਆਂ ਦੇ ਪਿਛਲੇ ਸਾਲਾਂ ਦੇ ਮੇਨਟੀਨੈਂਸ ਅਲਾਊਂਸ, ਜਿਨ੍ਹਾਂ ਦੀ ਅਦਾਇਗੀ ਭਲਾਈ ਵਿਭਾਗ ਵੱਲੋਂ ਕੀਤੀ ਜਾ ਚੁੱਕੀ ਹੈ ਅਤੇ ਪ੍ਰਾਈਵੇਟ ਸੰਸਥਾਵਾਂ ਦੇ ਖਾਤਿਆਂ ਵਿੱਚ ਪਏ ਹਨ, ਵੀ ਵਿਦਿਆਰਥੀਆਂ ਨੂੰ ਵਾਪਸ ਨਹੀਂ ਦਿੱਤਾ।

ਭਲਾਈ ਵਿਭਾਗ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਉਕਤ ਸਕੀਮਾਂ ਅਧੀਨ ਵਿਦਿਆਰਥੀਆਂ ਅਤੇ ਸੰਸਥਾਵਾਂ ਨੂੰ ਦਿੱਤੇ ਜਾਂਦੇ ਵਿੱਤੀ ਲਾਭ ਨੂੰ ਸਾਲ 2016-17 ਦੌਰਾਨ ਯੋਗ ਵਿਦਿਆਰਥੀਆਂ ਅਤੇ ਸੰਸਥਾਵਾਂ ਤੱਕ ਪਹੁੰਚਾਉਣ ਲਈ, ਸਬੰਧਤ ਸੰਸਥਾਵਾਂ ਅਤੇ ਵਿਦਿਆਰਥੀਆਂ ਦੇ ਨਿਯਮਾਂ ਅਨੁਸਾਰ ਯੋਗ ਹੋਣ ਬਾਰੇ ਹੇਠ ਲਿਖੇ ਅਨੁਸਾਰ ਜਿਲ੍ਹਾ ਭਲਾਈ ਅਫਸਰਾਂ ਨੂੰ, ਜਿਲ੍ਹਿਆਂ ਦੀਆਂ ਪ੍ਰਾਈਵੇਟ ਸੰਸਥਾਵਾਂ ਦੀ ਚੈਕਿੰਗ ਕਰਨ ਲਈ ਪਾਬੰਦ ਕੀਤਾ ਜਾਂਦਾ ਹੈ:-

| ਲੜੀ ਨੰ. | ਜਿਲ੍ਹਾ ਭਲਾਈ ਅਫਸਰ | ਜਿਸ ਜਿਲ੍ਹੇ ਦੀਆਂ ਸੰਸਥਾਵਾਂ ਦੀ ਚੈਕਿੰਗ ਕੀਤੀ ਜਾਣੀ ਹੈ |
|---|---|---|
| 1. | ਸ੍ਰੀ ਮੁਕਤਸਰ ਸਾਹਿਬ | ਮਾਨਸਾ |
| 2. | ਬਠਿੰਡਾ | ਮੋਗਾ |
| 3. | ਫਿਰੋਜ਼ਪੁਰ | ਫਰੀਦਕੋਟ |
| 4. | ਲੁਧਿਆਣਾ | ਫਤਿਹਗੜ੍ਹ ਸਾਹਿਬ |
| 5. | ਪਟਿਆਲਾ | ਸੰਗਰੂਰ |
| 6. | ਰੋਪੜ੍ਹ | ਸ਼ਹੀਦ ਭਗਤ ਸਿੰਘ ਨਗਰ |
| 7. | ਹੁਸ਼ਿਆਰਪੁਰ | ਪਠਾਨਕੋਟ |
| 8. | ਅੰਮ੍ਰਿਤਸਰ | ਗੁਰਦਾਸਪੁਰ |
| 9. | ਜਲੰਧਰ | ਕਪੂਰਥਲਾ |
| 10. | ਮਾਨਸਾ | ਸ੍ਰੀ ਮੁਕਤਸਰ ਸਾਹਿਬ |
| 11. | ਮੋਗਾ | ਬਠਿੰਡਾ |
| 12. | ਫਰੀਦਕੋਟ | ਫਿਰੋਜ਼ਪੁਰ |
| 13. | ਫਤਿਹਗੜ੍ਹ ਸਾਹਿਬ | ਲੁਧਿਆਣਾ |
| 14. | ਸੰਗਰੂਰ | ਪਟਿਆਲਾ |
| 15. | ਸ਼ਹੀਦ ਭਗਤ ਸਿੰਘ ਨਗਰ | ਰੋਪੜ੍ਹ |
| 16. | ਪਠਾਨਕੋਟ | ਹੁਸ਼ਿਆਰਪੁਰ |
| 17. | ਗੁਰਦਾਸਪੁਰ | ਅੰਮ੍ਰਿਤਸਰ |
| 18. | ਕਪੂਰਥਲਾ | ਜਲੰਧਰ |

1. ਜਿਲ੍ਹਾ ਭਲਾਈ ਅਫਸਰ ਸੰਸਥਾਵਾਂ ਵਿਖੇ ਅਚਨਚੇਤ ਚੈਕਿੰਗ ਲਈ ਇੱਕ ਹਫਤੇ ਦੇ ਅੰਦਰ ਅੰਦਰ ਪਹੁੰਚ ਕਰਕੇ, ਹਾਜ਼ਰੀ ਰਜਿਸਟਰ ਚੈਕ ਕਰਨਗੇ। ਮੌਕੇ ਤੇ ਹਾਜ਼ਰ ਵਿਦਿਆਰਥੀਆਂ ਦੀ ਗਿਣਤੀ ਚੈਕ ਕਰਨਗੇ ਅਤੇ ਵਿਦਿਆਰਥੀਆਂ ਨੂੰ ਨਿੱਜੀ ਤੌਰ ਤੇ ਮਿਲਣਗੇ। ਜਿਲ੍ਹਾ ਭਲਾਈ ਅਫਸਰ ਵੱਲੋਂ ਨੱਥੀ ਪ੍ਰੋਫਾਰਮੇ ਅਨੁਸਾਰ ਰਿਪੋਰਟ, ਡਾਇਰੈਕਟਰ, ਭਲਾਈ ਵਿਭਾਗ ਨੂੰ ਤੁਰੰਤ, ਉਸੇ ਦਿਨ ਹੀ ਆਪਣੇ ਦਸਤਖਤਾਂ ਹੇਠ directorwelfarepunjab@gmail.com ਈ.ਮੇਲ ਤੇ ਭੇਜੀ ਜਾਵੇਗੀ ਅਤੇ ਇੱਕ ਕਾਪੀ ਸਕੱਤਰ ਭਲਾਈ ਨੂੰ secretarywelfare811@gmail.com ਈ.ਮੇਲ ਤੇ ਭੇਜੀ ਜਾਵੇਗੀ।

2. ਜਿਲ੍ਹਾ ਭਲਾਈ ਅਫਸਰਾਂ ਵੱਲੋਂ ਚੈਕਿੰਗ ਦੌਰਾਨ ਇਹ ਚੈਕ ਕੀਤਾ ਜਾਵੇ ਕਿ ਸੰਸਥਾਵਾਂ ਨੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦਾ ਖਾਤਾ ਕਿਸੇ ਇੱਕ ਬੈਂਕ ਵਿੱਚ ਤਾਂ ਨਹੀਂ ਖੁਲਵਾਇਆ ਹੋਇਆ ਅਤੇ ਆਪਣੀ ਸੰਸਥਾ ਦੇ ਸਾਰੇ ਵਿਦਿਆਰਥੀਆਂ ਦੀ Pass book, ATM Card ਆਪਣੇ ਕੋਲ ਤਾਂ ਨਹੀਂ ਰੱਖਿਆ ਹੋਇਆ।

3. ਸੰਸਥਾਵਾਂ ਵੱਲੋਂ ਉਕਤ ਸਕਾਲਰਸ਼ਿਪ ਸਕੀਮਾਂ ਅਧੀਨ ਵਿਦਿਆਰਥੀਆਂ ਲਈ ਭਲਾਈ ਵਿਭਾਗ ਵੱਲੋਂ ਜਾਰੀ ਕੀਤੀ ਗਈ ਸਕਾਲਰਸ਼ਿਪ ਦੀ ਰਾਸ਼ੀ (In Current & Previous years) ਦੀ ਵਿਦਿਆਰਥੀਆਂ ਨੂੰ ਅਦਾਇਗੀ ਕੀਤੀ ਜਾ ਚੁੱਕੀ ਹੈ,ਸੰਸਥਾ ਦੇ ਖਾਤੇ ਵਿੱਚ ਤਾਂ ਨਹੀਂ ਰੱਖੀ ਗਈ।

4. ਜਿਹੜੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਦੇ ਕਲੇਮ ਪ੍ਰਾਪਤ ਕੀਤੇ ਗਏ ਸਨ, ਪ੍ਰੰਤੂ ਕਿਸੇ ਨਾ ਕਿਸੇ ਕਾਰਨ ਵਿਦਿਆਰਥੀਆਂ ਦੇ ਸੰਸਥਾ ਛੱਡ ਜਾਣ ਕਾਰਨ, ਉਨ੍ਹਾਂ ਨੂੰ ਅਦਾਇਗੀ ਨਹੀਂ ਕੀਤੀ ਗਈ, ਅਜਿਹੇ ਵਿਦਿਆਰਥੀਆਂ ਦੇ ਸਕਾਲਰਸ਼ਿਪ ਦੀ ਰਾਸ਼ੀ ਕੀ ਭਲਾਈ ਵਿਭਾਗ ਨੂੰ ਵਾਪਸ ਭੇਜੀ ਗਈ ਹੈ।

ਮਿਤੀ, ਚੰਡੀਗੜ੍ਹ

ਕਿਰਪਾ ਸ਼ੰਕਰ ਸਰੋਜ, ਆਈ.ਏ.ਐਸ.
ਸਕੱਤਰ ਪੰਜਾਬ ਸਰਕਾਰ,
ਭਲਾਈ ਵਿਭਾਗ, ਚੰਡੀਗੜ੍ਹ। 20/12/2016

ਪਿੱਠ ਅੰਕਣ ਨੰਬਰ: 51066-73 ਮਿਤੀ, ਚੰਡੀਗੜ੍ਹ 20/12/2016

ਉਤਾਰਾ: ਹੇਠ ਲਿਖੇ ਅਨੁਸਾਰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ;
2. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, (ਪਾਲੀਟੈਕਨਿਕ ਅਤੇ ਆਈ.ਟੀ.ਆਈ ਵਿੰਗ), ਪੰਜਾਬ, ਚੰਡੀਗੜ੍ਹ;
3. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ;
4. ਡੀ.ਪੀ.ਆਈ (ਕਾਲਜਾਂ), ਪੰਜਾਬ, ਚੰਡੀਗੜ੍ਹ ;
5. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ;
6. ਡੀ.ਪੀ.ਆਈ (ਸੈ.ਸਿੰ), ਪੰਜਾਬ, ਐਸ.ਏ.ਐਸ.ਨਗਰ;
7. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਚੰਡੀਗੜ੍ਹ;
8. ਸਮੂਹ ਜਿਲ੍ਹਾ ਭਲਾਈ ਅਫਸਰ, ਪੰਜਾਬ ਰਾਜ।

ਸਕੱਤਰ ਭਲਾਈ
20/12/2016